**ਫਰੀਦਕੋਟ ਪੁਲਿਸ ਵੱਲੋਂ ਮਿਤੀ 09-05-23 ਤੋਂ 10-05-2023 ਤੱਕ ਕੀਤੇ ਆਪਰੇਸ਼ਨ ਵਿਜਿਲ ਸਬੰਧੀ।**

ਜਿਲਾ ਫਰੀਦਕੋਟ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਫਰੀਦਕੋਟ ਪੁਲਿਸ ਵੱਲੋਂ ਮਿਤੀ 09-05-23 ਤੋਂ ਮਿਤੀ 10-05-23 ਤੱਕ ਜਿਲ੍ਹਾ ਵਿੱਚ ਆਪਰੇਸ਼ਨ ਵਿਜਿਲ ਕੀਤਾ ਗਿਆ। ਜਿਸ ਤਹਿਤ ਜਿਲ੍ਹਾ ਦੀਆਂ ਤਿੰਨੇ ਸਬ ਡਵੀਜਨਾਂ- ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਵਿੱਚ ਗਜਟਿਡ ਅਫਸਰਾਨ ਦੀ ਅਗਵਾਈ ਹੇਠ ਟੀਮਾਂ ਗਠਿਤ ਕਰਕੇ ਬੱਸ ਸਟੈਡ, ਰੇਲਵੇ ਸਟੇਸ਼ਨ, ਧਾਰਮਿਕ ਸਥਾਨਾਂ ਦੀ ਅਚਨਚੇਤ ਚੈਕਿੰਗ ਕਰਵਾਈ ਗਈ ਅਤੇ ਸਪੈਸ਼ਲ ਨਾਕਾਬੰਦੀਆਂ ਕੀਤੀਆਂ ਗਈਆਂ।ਇਸ ਆਪਰੈਸ਼ਨ ਦੋਰਾਨ ਨਸ਼ਾ ਤਸਕਰਾ, ਸਮਾਜ ਵਿਰੋਧੀ ਅਨਸਰਾ ਅਤੇ ਹੋਰ ਅਪਰਾਧੀਆਂ ਦੀਆਂ ਗੈਰ ਸਮਾਜਿਕ ਗਤਿਵਿਧੀਆਂ ਨੂੰ ਰੋਕਣ ਲਈ ਸਪੈਸ਼ਲ ਅਭਿਆਨ ਚਲਾਇਆ ਗਿਆ।